## <u>ਪ੍ਰੈਸ ਨੋਟ</u>

ਮਿਤੀ 17.03.2022

# ਹੁਸ਼ਿਆਰਪੁਰ ਪੁਲਿਸ ਵੱਲੋਂ 01 ਕਿਲੋਗ੍ਰਾਮ ਅਫੀਮ ਬਰਾਮਦ

ਮਾਨਯੋਗ ਸ੍ਰੀ Dhruman H Nimbale IPC, ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਜੀ ਦੇ ਦਿਸ਼ਾ ਨਿਰਦੇਸ਼ਾਂ ਪਰ ਹੁਸ਼ਿਆਰਪੁਰ ਏਰੀਆ ਵਿੱਚ ਨਸ਼ਾ ਸਪਲਾਈ ਕਰਨ ਵਾਲੇ ਸਮੱਗਲਰਾਂ ਨੂੰ ਨੱਥ ਪਾਉਣ ਲਈ ਸ੍ਰੀ ਮੁੱਖਤਿਆਰ ਰਾਏ (P.P.S) ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸ੍ਰੀ ਸਰਬਜੀਤ ਰਾਏ (P.P.S) ਉਪ-ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਅਤੇ ਇੰਚਾਰਜ਼ ਸੀ.ਆਈ.ਏ ਇੰਸਪੈਕਟਰ ਲ਼ਖਬੀਰ ਸਿੰਘ ਦੇ ਅਧੀਨ ਵਿਸ਼ੇਸ ਟੀਮ ਵੱਲੋਂ **01 ਦੋਸ਼ੀ** ਨੂੰ ਗਿਫ੍ਰਤਾਰ ਕਰਕੇ ਉਸ ਪਾਸੋਂ **01 ਕਿਲੋਗ੍ਰਾਮ ਅਫੀਮ** ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਸ੍ਰੀ Dhruman H. Nimbale IPS, ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਵਲੋਂ ਪ੍ਰੈਸ ਨੂੰ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਮਿਤੀ 15.03.2022 ਨੂੰ ਸੀਨੀਅਰ ਅਫਸਰਾਨ ਦੀ ਹਦਾਇਤ ਪਰ ਇੰਚਾਰਜ਼ ਸੀ.ਆਈ.ਏ ਸਟਾਫ ਇੰਸਪੈਕਟਰ ਲਖਬੀਰ ਸਿੰਘ ਸਮੇਤ ਪੁਲਿਸ ਪਾਰਟੀ ਸਿਫਟਿੰਗ ਨਾਕਬੰਦੀ ਤੇ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਨਾਕਾ ਪੁਲ ਨਹਿਰ ਅੱਡ ਮੇਹਟੀਆਣਾ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੰਚਾਰਜ਼ ਸੀ.ਆਈ.ਏ ਸਟਾਫ ਇੰਸਪੈਕਟਰ ਲਖਬੀਰ ਸਿੰਘ ਨੂੰ ਇਲਤਾਹ ਦਿੱਤੀ ਕਿ ਸੰਦੀਪ ਸਿੰਘ ਪੁੱਤਰ ਕਾਰਜ ਸਿੰਘ ਅਤੇ ਚਰਨਜੀਤ ਸਿੰਘ ਉਰਫ ਗੁਰਚਰਨ ਸਿੰਘ ਵਾਸੀਆਨ ਫਤਿਹਵਾਲਾ ਨੇੜੇ ਮੱਲਾਂਵਾਲਾ, ਜਿਲਾ ਫਿਰੋਜਪੁਰ ਬਾਹਰਲੇ ਸੂਬਿਆ ਤੋਂ ਅਫੀਮ ਲਿਆ ਕੇ ਹੁਸ਼ਿਆਰਪੁਰ ਏਰੀਆ ਵਿੱਚ ਵੇਚਦੇ ਹਨ। ਜੋ ਇਸ ਸਮੇਂ ਫਿਰੋਜਪੁਰ ਤੋਂ ਹੁਸ਼ਿਆਰਪੁਰ ਅਫੀਮ ਵੇਚਣ ਲਈ ਆ ਰਹੇ ਹਨ ਜਿਹਨਾਂ ਨੂੰ ਕਾਬੂ ਕਰਕੇ ਇਹਨਾਂ ਤੋਂ ਭਾਰੀ ਮਾਤਰਾ ਵਿੱਚ ਅਫੀਮ ਬਰਾਮਦ ਹੋ ਸਕਦੀ ਹੈ। ਇਤਲਾਹ ਠੋਸ ਤੇ ਭਰੋਸੇਯੋਗ ਹੋਣ ਤੇ ਦੋਸ਼ੀਆਨ ਉਕਤਾਨ ਖਿਲਾਫ **ਮੁੱਕਦਮਾ ਨੰਬਰ 16 ਮਿਤੀ 15.03.2022 ਅ/ਧ 18-61-85 ਐਨ.ਡੀ.ਪੀ.ਐਸ ਐਕਟ ਥਾਣਾ ਮੇਹਟੀਆਣਾ ਜਿਲਾ ਹੁਸ਼ਿਆਰਪੁਰ** ਦਰਜ਼ ਰਜਿਸਟਰ ਕੀਤਾ ਗਿਆ ਤੇ ਇੰਚਾਰਜ਼ ਸੀ.ਆਈ.ਏ ਸਟਾਫ ਵੱਲੋਂ ਮਿਤੀ 16.03.2022 ਨੂੰ ਪਿੰਡ ਫਤੇਵਾਲ ਮੁੱਸਮੀਆਨ ਉਕਤਾਨ ਦੇ ਘਰ ਰੇਡ ਕੀਤੀ ਜਦੋਂ ਪੁਲਿਸ ਪਾਰਟੀ ਮੁੱਸਮੀਆਨ ਉਕਤਾਨ ਦੇ ਘਰ ਪੁੱਜੀ ਤਾਂ ਉਹ ਘਰ ਵਿੱਚ ਮੌਜੂਦ ਨਹੀਂ ਮਿਲੇ ਪਰ ਇੱਕ ਸਰਦਾਰ ਵਿਅਕਤੀ ਪੁਲਿਸ ਪਾਰਟੀ ਨੂੰ ਦੇਖ ਕੇ ਨਾਲ ਦੇ ਸਰੋਂ ਦੇ ਖੇਤ ਵਿੱਚ ਭੱਜ ਨਿਕਲਿਆ ਜਿਸਨੂੰ ਪੁਲਿਸ ਪਾਰਟੀ ਨੇ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸਨੇ ਆਪਣਾ ਨਾਮ ਕਾਰਜ ਸਿੰਘ ਪੁੱਤਰ ਸਾਧਾ ਸਿੰਘ ਵਾਸੀ ਫੱਤੇਵਾਲਾ ਥਾਣਾ ਮੱਲਵਾਲਾ ਜਿਲਾ ਫਿਰੋਜਪੁਰ ਦੱਸਿਆ ਜਿਸਦੀ ਪੁਲਿਸ ਪਾਰਟੀ ਵੱਲੋਂ ਹਸਬ ਜਾਬਤਾ ਤਲਾਸ਼ੀ ਕਰਨ ਤੇ ਉਸ ਪਾਸੋਂ ਇੱਕ ਕਿਲੋਗ੍ਰਾਮ ਅਫੀਮ ਬਰਾਮਦ ਹੋਈ।

**<u>ਬ੍ਰਾਮਦਗੀ:-</u>** 01 ਕਿਲੋਗ੍ਰਾਮ ਅਫੀਮ

**<u>ਗ੍ਰਿਫਤਾਰ ਦੋਸ਼ੀ</u>**

**1.** ਕਾਰਜ ਸਿੰਘ ਪੁੱਤਰ ਸਾਧਾ ਸਿੰਘ ਵਾਸੀ ਫਤੇਵਾਲਾ, ਥਾਣਾ ਮੱਲਾਂਵਾਲਾ, ਜਿਲਾ ਫਿਰੋਜ਼ਪੁਰ ਉਮਰ ਕਰੀਬ 53 ਸਾਲ

**<u>ਗ੍ਰਿਫਤਾਰ ਦੋਸ਼ੀ ਦੇ ਖਿਲਾਫ ਪਹਿਲਾਂ ਦਰਜ਼ ਮੁੱਕਦਮੇਂ</u>**

1. ਮੁੱਕਦਮਾ ਨੰਬਰ 334 ਮਿਤੀ 17.11.2017 ਅ/ਧ 21-61-85 NDPS ਐਕਟ ਥਾਣਾ ਸਦਰ ਜਿਲਾ ਫਿਰੋਜਪੁਰ।
2. ਮੁੱਕਦਮਾ ਨੰਬਰ 160 ਮਿਤੀ 06.11.2020 ਅ/ਧ 18-61-85 NDPS ਐਕਟ ਥਾਣਾ ਮੱਲਾਂਵਾਲਾ ਜਿਲਾ ਫਿਰੋਜਪੁਰ।